ਭੇਦਭਾਵ ਲਈ ਆਰਥਿਕ ਸਹਾਇਤਾ ਪ੍ਰੋਗਰਾਮ



# ਭੇਦਭਾਵ ਲਈ ਆਰਥਿਕ ਸਹਾਇਤਾ ਪ੍ਰੋਗਰਾਮ

## ਕੀ ਤੁਸੀਂ USDA ਦੇ ਖੇਤੀਬਾੜੀ ਲਈ ਉਧਾਰ ਵਿੱਚ ਵਿਤਕਰੇ ਦਾ ਸਾਮ੍ਹਣਾ ਕੀਤਾ ਹੈ?

ਮਹਿੰਗਾਈ ਵਿੱਚ ਕਮੀ ਐਕਟ (Inflation Reduction Act) ਦੀ ਧਾਰਾ 22007, 1 ਜਨਵਰੀ, 2021 ਤੋਂ ਪਹਿਲਾਂ USDA ਖੇਤੀਬਾੜੀ ਲਈ ਉਧਾਰ ਪ੍ਰੋਗਰਾਮਾਂ ਵਿੱਚ ਵਿਤਕਰੇ ਦਾ ਸਾਮ੍ਹਣਾ ਕਰਨ ਵਾਲੇ ਕਿਸਾਨਾਂ ਅਤੇ ਪਸ਼ੂ ਪਾਲਕਾਂ ਨੂੰ $2.2 ਬਿਲੀਅਨ ਦੀ ਵਿੱਤੀ ਸਹਾਇਤਾ ਨੂੰ ਅਧਿਕਾਰਤ ਕਰਦਾ ਹੈ

## ਐਪਲੀਕੇਸ਼ਨ ਦੀ ਡੈੱਡਲਾਈਨ (ਅੰਤਮ ਤਾਰੀਖ)

- 31 ਅਕਤੂਬਰ, 2023
- ਇਹ ਐਪਲੀਕੇਸ਼ਨ ਮੁਫ਼ਤ ਹੈ
- ਮੁਫ਼ਤ ਤਕਨੀਕੀ ਸਹਾਇਤਾ ਉਪਲਬਧ ਹੈ

## ਅਰਜ਼ੀ ਕਿਵੇਂ ਦੇਣੀ ਹੈ

**ਔਨਲਾਈਨ**

ਐਪਲੀਕੇਸ਼ਨ, ਈ-ਫਾਈਲ ਤੱਕ ਪਹੁੰਚ ਕਰਨ ਅਤੇ ਤੁਹਾਡੇ ਨੇੜੇ ਦੇ ਸੈਮਿਆਂ ਨੂੰ ਲੱਭਣ ਲਈ 22007apply.gov 'ਤੇ ਜਾਓ।

**ਵਿਅਕਤੀਗਤ ਤੌਰ 'ਤੇ**

USDA DFAP ਸਥਾਨਕ ਦਫ਼ਤਰ ਭੌਤਿਕ ਥਾਂਵਾਂ ਦਾ ਇੱਕ ਨੈੱਟਵਰਕ ਹਨ ਜਿੱਥੇ ਤੁਸੀਂ ਐਪਲੀਕੇਸ਼ਨਾਂ ਨੂੰ ਪੂਰਾ ਕਰਨ ਵਿੱਚ ਮਦਦ ਪ੍ਰਾਪਤ ਕਰਨ ਲਈ ਵਿਅਕਤੀਗਤ ਏਜੰਟਾਂ ਨਾਲ ਜੁੜ ਸਕਦੇ ਹੋ, ਅਤੇ ਜਿੱਥੇ ਤੁਸੀਂ ਇੱਕ ਪੂਰੀ ਕੀਤੀ ਹੋਈ ਐਪਲੀਕੇਸ਼ਨ ਛੱਡ ਸਕਦੇ ਹੋ। ਦਫ਼ਤਰ ਦੇ ਸਮੇਂ ਅਤੇ ਥਾਂਵਾਂ ਨੂੰ 22007apply.gov 'ਤੇ ਦੇਖਿਆ ਜਾ ਸਕਦਾ ਹੈ।

## ਸਹਾਇਤਾ ਪ੍ਰਾਪਤ ਕਰੋ

**ਕਾੱਲ ਸੈਂਟਰ**

ਟੈਲੀਫ਼ੋਨ ਰਾਹੀਂ ਸਹਾਇਤਾ ਉਪਲਬਧ ਹੈ। ਲਾਈਵ ਏਜੰਟ 1-800-721- 0970 'ਤੇ ਸੰਘੀ ਛੁੱਟੀਆਂ ਨੂੰ ਛੱਡ ਕੇ, ਸਵੇਰੇ 8 ਵਜੇ ET ਤੋਂ ਰਾਤ 8 ਵਜੇ PT ਤੱਕ, ਹਫ਼ਤੇ ਦੇ ਸੱਤ ਦਿਨ, ਉਪਲਬਧ ਹਨ ਅਤੇ ਐਪਲੀਕੇਸ਼ਨਾਂ ਬਾਰੇ ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਲਈ ਉਤਸੁਕ ਹਨ।

**ਭਾਈਵਾਲ ਸੰਗਠਨ**

USDA ਨੇ ਇਹ ਪੱਕਾ ਕੀਤਾ ਹੈ ਕਿ ਫਾਰਮ ਸੰਗਠਨਾਂ ਤੱਕ ਪਹੁੰਚ ਕਰਨ ਦੇ ਵਿਆਪਕ ਤਜ਼ਰਬੇ ਵਾਲੇ ਸਮੂਹ ਉਹਨਾਂ ਵਿਅਕਤੀਆਂ ਦੀ ਸਹਾਇਤਾ ਕਰਨ ਦੇ ਯੋਗ ਹੁੰਦੇ ਹਨ ਜੋ ਪ੍ਰੋਗਰਾਮ ਲਈ ਯੋਗ ਹੋ ਸਕਦੇ ਹਨ। ਇਨ੍ਹਾਂ ਸਮੂਹਾਂ ਵਿੱਚ ਸ਼ਾਮਲ ਹਨ: AgrAbility (ਐਗਰਾਇਬਿਲਟੀ), Farmer Veteran Coalition (ਫਾਰਮਰ ਵੈਟਰਨ ਕੋਆਲਿਸ਼ਨ), Farmers' (ਫਾਰਮਰਸ) Legal Action Group (ਲੀਗਲ ਐਕਸ਼ਨ ਗਰੁੱਪ), Federation of Southern Cooperatives (ਫੈਡਰੇਸ਼ਨ ਔਫ਼ ਸਾਊਥਰਨ ਕੋਆਪਰੇਟਿਵਜ਼), Intertribal Agriculture Council (ਇੰਟਰਟ੍ਰਾਇਬਲ ਐਗਰੀਕਲਚਰ ਕੌਂਸਲ), Land Loss Prevention Program (ਲੈਂਡ ਲੌਸ ਪ੍ਰੀਵੈਨਸ਼ਨ ਪ੍ਰੋਗਰਾਮ), National Young Farmers Coalition (ਨੈਸ਼ਨਲ ਯੰਗ ਫਾਰਮਰਸ ਕੋਆਲਿਸ਼ਨ), ਅਤੇ Rural Coalition (ਰੂਰਲ ਕੋਆਲਿਸ਼ਨ)। ਬਿਨੈਕਾਰ ਹੋਰ ਜਾਣਕਾਰੀ ਅਤੇ ਸਹਾਇਤਾ ਲਈ ਇਨ੍ਹਾਂ ਸਮੂਹਾਂ ਨਾਲ ਵੀ ਸੰਪਰਕ ਕਰ ਸਕਦੇ ਹਨ।

*USDA ਇੱਕ ਬਰਾਬਰ ਮੌਕਾ ਪ੍ਰਦਾਤਾ, ਰੁਜ਼ਗਾਰਦਾਤਾ, ਅਤੇ ਰਿਣਦਾਤਾ ਹੈ।*